ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਵਿਸ਼ੇਗਤ ਪਰਿਪੇਖ
## (ਸਮਾਜਿਕ,ਰਾਜਨੀਤਿਕ ਅਤੇ ਧਾਰਮਿਕ ਨਾਟਕਾਂ ਦੇ ਪ੍ਰਸੰਗ ਵਿੱਚ)



ਹਰਵਿੰਦਰ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ **ਵਿਭਾਗ**
ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ, (ਬਠਿੰਡਾ)।
rcbharwinder@gmail.com

ਗੁਰਸ਼ਰਨ ਸਿੰਘ ਪੰਜਾਬੀ ਦਾ ਇੱਕ ਪ੍ਰਤੀਬੱਧ ਰੰਗਕਰਮੀ ਅਤੇ ਨਾਟਕਕਾਰ ਹੈ। ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਪੰਜਾਬ ਦੇ ਹਰ ਪਿੰਡ ਅਤੇ ਹਰ ਗਲੀ ਵਿੱਚ ਪਹੁੰਚਾ ਦਿੱਤਾ ਹੈ ਪੰਜਾਬੀ ਨਾਟਕ ਦੇ ਖੇਤਰ ਵਿੱਚ ਗੁਰਸ਼ਰਨ ਸਿੰਘ ਤੀਸਰੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ। ਗੁਰਸ਼ਰਨ ਸਿੰਘ ਪੰਜਾਬੀ ਨਾਟਕ ਤੇ ਰੰਗਮੰਚ ਦਾ ਬਾਬਾ ਬੋਹੜ ਹੈ।

ਉਸਨੇ ਉਸ ਸਮੇਂ ਆਪਣੀ ਆਵਾਜ਼ ਬੁਲੰਦ ਕੀਤੀ ਜਦੋਂ ਬੋਲਣ ਤੇ ਪਾਬੰਦੀ ਸੀ, ਬਾਹਰ ਨਿਕਲਣ ਤੇ ਗੋਲੀ ਦਾ ਹੁਕਮ ਸੀ। ਪਰ ਉਸਨੇ ਅਜਿਹੇ ਨਾਜ਼ੁਕ ਸਮੇਂ ਵਿੱਚ ਵੀ ਆਪਣੀਆਂ ਨਾਟ ਮੰਡਲੀਆਂ ਨਾਲ ਪੰਜਾਬ ਦੇ ਹਰ ਪਿੰਡ ਹਰ ਗਲੀ ਵਿੱਚ ਨਾਟਕ ਖੇਡੇ ਅਤੇ ਲੋਕਾਂ ਨੂੰ ਆਪਣਾ ਸੁਨੇਹਾ ਦਿੱਤਾ। ਉਸਦੇ ਸਾਰੇ ਨਾਟਕ ਸੰਘਰਸ਼ ਦੀ ਆਵਾਜ਼ ਬੁਲੰਦ ਕਰਦੇ ਹਨ। ਉਸ ਦੇ ਅੰਦਰ ਡਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਹ ਹਰ ਗੱਲ ਨੂੰ ਬੜੀ ਬੇਬਾਕੀ ਨਾਲ ਕਰਦਾ ਹੈ।

ਉਸਨੇ ਆਪਣੇ ਨਾਟਕਾਂ ਵਿੱਚ ਗਰੀਬ,ਬੇਸਹਾਰਾ ਅਤੇ ਦੱਬੇ ਹੋਏ ਲੋਕਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਆਪਣੇ ਨਾਟਕਾਂ ਰਾਹੀਂ ਸਾਮਰਾਜੀ ਹਾਕਮਾਂ ਦੀਆਂ ਭ੍ਰਿਸ਼ਟ ਚਾਲਾਂ ਨੂੰ ਵੀ ਨੰਗਾ ਕੀਤਾ। ਉਸਦੇ ਸਾਰੇ ਨਾਟਕ ਹੀ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ ਇਸ ਲਈ ਉਸਦਾ ਅਸਲ ਉਦੇਸ਼ ਕਲਾ,ਕਲਾ ਲਈ ਨਹੀਂ ਸਗੋਂ ਕਲਾ,ਸਮਾਜ ਲਈ ਬਣਦਾ ਹੈ। ਉਸ ਦੇ ਸਮਕਾਲੀ ਨਾਟਕਕਾਰ ਅਜਮੇਰ ਔਲਖ ਅਨੁਸਾਰ,

"ਨਿਰਸੰਦੇਹ ਗੁਰਸ਼ਰਨ ਸਿੰਘ ਇੱਕੋ ਇੱਕ ਪੰਜਾਬੀ ਦਾ ਨਾਟ ਕਰਤਾ ਹੈ, ਜਿਸ ਨੇ ਵਿਅਕਤੀ ਦੀਆਂ ਘਾਲਣਾ ਨੂੰ ਇੱਕ ਸੰਸਥਾ ਬਖਸ਼ੀ। ਜੇ ਉਸਦੇ ਖੇਡੇ ਨਾਟਕਾਂ ਦਾ ਲੇਖਾ ਜੋਖਾ ਕਰੀਏ ਤਾਂ ਪਤਾ ਲੱਗੇਗਾ ਕਿ ਹਰ ਰੋਜ਼ ਉਹ ਔਸਤਨ ਇੱਕ ਨਾਟਕ ਜਰੂਰ ਖੇਡਦਾ ਹੈ। ਪੰਜਾਬ ਦੇ ਕਿਸੇ ਵਿਸ਼ਵ ਵਿਦਿਆਲੇ ਦੇ ਨਾਟ ਵਿਭਾਗ,ਲੋਕ ਸੰਪਰਕ ਵਿਭਾਗ ਜਾਂ ਕਿਸੇ ਹੋਰ ਨਾਟਕ ਤੇ ਥਿਏਟਰ ਸੰਸਥਾ ਨੇ ਇਤਨੀ ਗਿਣਤੀ ਅਤੇ ਗਤੀ ਨਾਲ ਨਾਟਕ ਨਹੀਂ ਖੇਡੇ ਹੋਣੇ, ਜਿੰਨੇ ਇਸ ਇਕਹਿਰੇ ਵਿਅਕਤੀ ਨੇ ਖੇਡ ਵਿਖਾਏ ਹੋਣ। ਇਸੇ ਕਰਕੇ ਪੰਜਾਬੀ ਰੰਗ ਮੰਚ ਨਾਲ ਗੁਰਸ਼ਰਨ ਸਿੰਘ ਦਾ ਨਾਂ ਇਤਨੇ ਪੱਕੇ ਤੌਰ ਤੇ ਜੁੜ ਗਿਆ ਹੈ ਕਿ ਹੁਣ ਦੋਹਾਂ ਦਾ ਵੱਖ-ਵੱਖ ਸੰਕਲਪ ਕਰਨਾ ਵੀ ਅਸੰਭਵ ਜਾਪਦਾ ਹੈ।"[1]

ਗੁਰਸ਼ਰਨ ਸਿੰਘ ਸਮਾਜਵਾਦੀ ਵਿਚਾਰਧਾਰਾ ਦਾ ਪੱਕਾ ਧਾਰਨੀ ਹੈ। ਉਸਨੇ ਆਪਣੀ ਇਸ ਵਿਚਾਰਧਾਰਾ ਨੂੰ ਆਪਣੇ ਨਾਟਕਾਂ ਵਿੱਚ ਅਲੱਗ-ਅਲੱਗ ਢੰਗ ਨਾਲ ਪੇਸ਼ ਕੀਤਾ ਹੈ। ਉਸਦੇ ਨਾਟਕ ਅਜੋਕੀ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਸਥਿਤੀ ਨੂੰ ਵਿਅੰਗਾਤਮਕ ਢੰਗ ਨਾਲ ਪੇਸ਼ ਕਰਦੇ ਹਨ। ਉਹ ਨਿਡਰ ਹੋ ਕੇ ਸਮਾਜਵਾਦੀ ਵਿਚਾਰਧਾਰਾ ਦਾ ਸਮਰਥਨ ਕਰਦਾ ਹੈ। ਜਦੋਂ ਅਸੀਂ ਉਸਦੇ ਨਾਟਕਾਂ ਨੂੰ ਵਿਸ਼ੇ ਪੱਖ ਤੋਂ ਵੇਖਦੇ ਹਾਂ ਤਾਂ ਸਾਡੇ ਸਾਹਮਣੇ ਉਸ ਦੇ ਨਾਟਕਾਂ ਦੇ ਅਲੱਗ ਅਲੱਗ ਵਿਸ਼ੇ ਆਉਂਦੇ ਹਨ। ਜੇ ਵਿਸ਼ੇ ਪੱਖ ਤੋਂ ਉਸਦੇ ਨਾਟਕਾਂ ਦੀ ਗੱਲ ਕਰੀਏ ਤਾਂ ਅਸੀਂ ਇਸ ਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ।

1. ਪਹਿਲੇ ਵਰਗ ਵਿੱਚ ਉਹ ਨਾਟਕ ਆਉਂਦੇ ਹਨ ਜਿਨਾਂ ਵਿੱਚ ਸਮਾਜ ਦੀਆਂ ਸਮੱਸਿਆਵਾਂ ਨੂੰ ਮੂਲ ਆਧਾਰ ਬਣਾਇਆ ਗਿਆ ਹੈ।
2. ਦੂਸਰੇ ਵਰਗ ਵਿੱਚ ਉਹ ਨਾਟਕ ਆਉਂਦੇ ਹਨ। ਜਿੰਨਾਂ ਵਿੱਚ ਇਤਿਹਾਸ ਨੂੰ ਆਧਾਰ ਬਣਾ ਕੇ ਸਮਾਜ ਦੀ ਅਜੋਕੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ।
3. ਤੀਸਰੇ ਵਰਗ ਵਿੱਚ ਉਹ ਨਾਟਕ ਆਉਂਦੇ ਹਨ ਜਿਨਾਂ ਵਿੱਚ ਉਸਨੇ ਰਾਜਨੀਤਿਕ ਚਲੰਤ ਮਸਲਿਆਂ ਨੂੰ ਆਧਾਰ ਬਣਾਇਆ ਹੈ। ਇਹ ਨਾਟਕ ਰਾਜਨੀਤਿਕ ਚੇਤਨਾ ਨਾਲ ਸੰਬੰਧਿਤ ਹਨ।

ਗੁਰਸ਼ਰਨ ਸਿੰਘ ਮੌਜੂਦਾ ਪ੍ਰਬੰਧਕੀ ਢਾਂਚੇ ਤੋਂ ਅਸੰਤੁਸ਼ਟ ਹੈ ਕਿਉਂਕਿ ਮੌਜੂਦਾ ਪ੍ਰਬੰਧਕੀ ਢਾਂਚੇ ਵਿੱਚ ਸਮੱਸਿਆਵਾਂ ਹੀ ਸਮੱਸਿਆਵਾਂ ਹਨ। ਇਸ ਸਮਕਾਲੀਨ ਸਥਿਤੀ ਦਾ ਗੁਰਸ਼ਰਨ ਸਿੰਘ ਤੇ ਬਹੁਤ ਪ੍ਰਭਾਵ ਪਿਆ। ਇਸ ਲਈ ਉਸਨੇ ਆਪਣੇ ਨਾਟਕਾਂ ਵਿੱਚ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ। ਸਮਾਜਿਕ ਸਮੱਸਿਆਵਾਂ ਨੂੰ ਪ੍ਰਸੰਗ ਵਿੱਚ ਰੱਖ ਕੇ ਗੁਰਸ਼ਰਨ ਸਿੰਘ ਨੇ 'ਸਿਉਂਕ', 'ਨਾਇਕ', 'ਘੁੰਮਣਘੇਰੀ', 'ਆਤਮਾ ਵਿਕਾਊ ਹੈੱ`, 'ਹਵਾਈ ਗੋਲੇ', 'ਤਮਾਸ਼ਾ-ਏ-ਹਿੰਦੋਸਤਾਨ', ਡਰਨਾ', 'ਔਰਤ', 'ਬੇਰੁਜ਼ਗਾਰ', 'ਤੇ ਦੇਵ ਪੁਰਸ਼ ਹਾਰ ਗਏ', 'ਤਿੰਨ ਸਵਾਲ', ਇਨਕਲਾਬ ਜਿੰਦਾਬਾਦ', 'ਸਤਨਾਮੀ ਬਾਈ', 'ਕਚਹਿਰੀ', 'ਜੰਗੀ ਰਾਮ ਦੀ ਹਵੇਲੀ, 'ਸਮਾਜ', 'ਇੱਕ ਸੀ ਚਿੜੀ ਇੱਕ ਸੀ ਕਾਂ', 'ਰੱਖੜੀ', 'ਰਾਹਤ', 'ਕਾਕੇ', 'ਇੱਜਤਦਾਰ ਮੰਗਤੇ' ਅਤੇ 'ਕੰਮੀਆਂ ਦਾ ਵਿਹੜਾ' ਆਦਿ ਨਾਟਕ ਲਿਖੇ। ਇਹਨਾਂ ਸਾਰੇ ਨਾਟਕਾਂ ਵਿੱਚ ਗੁਰਸ਼ਰਨ ਸਿੰਘ ਨੇ ਸਮਾਜ ਵਿੱਚ ਪ੍ਰਚੱਲਿਤ ਸਮੱਸਿਆਵਾਂ ਬਾਰੇ ਗੱਲ ਕੀਤੀ।

ਗੁਰਸ਼ਰਨ ਸਿੰਘ ਨੇ ਸਮਾਜਿਕ ਵਿਸ਼ਿਆਂ ਨੂੰ ਆਪਣੇ ਨਾਟਕਾਂ ਵਿੱਚ ਆਧਾਰ ਬਣਾ ਕੇ ਸਮਾਜ ਵਿੱਚ ਫੈਲੀਆਂ ਸਮੱਸਿਆਵਾਂ ਨੂੰ ਖਤਮ ਕਰਨ ਲਈ ਪ੍ਰੇਰਿਤ ਕੀਤਾ। ਨਾਟਕ 'ਸਿਉਂਕ' ਵਿੱਚ ਵਿਦਿਆਰਥੀ ਵਰਗ ਵਿੱਚ ਵਧ ਰਹੀ ਬੇਰੁਜ਼ਗਾਰੀ ਤੇ ਸਮੁੱਚੇ ਸਿਸਟਮ ਦੀਆਂ ਖਾਮੀਆਂ ਨੂੰ ਪੇਸ਼ ਕੀਤਾ ਗਿਆ ਹੈ। ਬੇਰੁਜ਼ਗਾਰੀ ਸਾਡੇ ਦੇਸ਼ ਦੀ ਇੱਕ ਅਜਿਹੀ ਸਮੱਸਿਆ ਹੈ ਜੋ ਦਿਨੋ ਦਿਨ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਨਾਟਕ ਦੇ ਮੁੱਖ ਪਾਤਰ ਵੱਲੋਂ ਅੰਤ ਤੇ ਲਗਾਈ ਗਈ ਅੱਗ ਵਿਦਰੋਹ ਦਾ ਪ੍ਰਤੀਕ ਹੈ। ਨਾਟਕਕਾਰ ਇਸ ਸਮੁੱਚੇ ਪ੍ਰਬੰਧ ਨੂੰ ਜੜੋਂ ਪੁੱਟ ਕੇ ਬਦਲਣ ਦਾ ਸੰਦੇਸ਼ ਦਿੰਦਾ ਹੈ।

ਨਾਟਕ 'ਘੁੰਮਣਘੇਰੀ' ਵਿੱਚ ਗੁਰਸ਼ਰਨ ਸਿੰਘ ਨੇ ਆਮ ਆਦਮੀ ਨੂੰ ਘੁੰਮਣਘੇਰੀ ਵਿੱਚ ਘਿਰਿਆ ਹੋਇਆ ਪੇਸ਼ ਕੀਤਾ ਹੈ। ਆਮ ਆਦਮੀ ਜੀਵਨ ਦੀ ਅਜਿਹੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ, ਜਿਸ ਵਿਚੋਂ ਉਹ ਚਾਹ ਕੇ ਵੀ ਨਿਕਲ ਨਹੀਂ ਸਕਦਾ। ਨਾਟਕ ਵਿੱਚ ਜਿਥੇ ਆਮ ਆਦਮੀ ਦੀਆਂ ਆਰਥਿਕ ਸਮੱਸਿਆਵਾਂ ਦੀ ਗੱਲ ਕੀਤੀ ਗਈ ਹੈ, ਉਥੇ ਭ੍ਰਿਸ਼ਟ ਰਾਜਨੀਤਿਕ ਢਾਂਚੇ ਤੇ ਵਿਅੰਗ ਵੀ ਕੀਤਾ ਗਿਆ ਹੈ।

"ਜੀਤਾਂ- ਭਾਬੀ, ਅਸਲ ਵਿੱਚ ਸਾਡੀ ਜ਼ਿੰਦਗੀ ਹੀ ਇੱਕ ਗਿੱਲੀ ਲੱਕੜ ਏ ਜੋ ਨਾ ਭਾਂਬੜ ਬਣ ਕੇ ਬਲਦੀ ਹੈ ਨਾ ਸੜ ਕੇ ਸੁਆਹ ਹੁੰਦੀ ਹੈ। ਬਸ ਧੁਖਦੀ ਰਹਿੰਦੀ ਏ। ਤੇ ਆਲੇ ਦੁਆਲੇ ਨੂੰ ਧੂੰਆ ਹੀ ਧੂੰਆ ਦਿੰਦੀ ਏ।"[2]

'ਆਤਮਾ ਵਿਕਾਊ ਹੈ' ਨਾਟਕ ਪ੍ਰਤੀਕਾਤਮਕ ਲਹਿਜੇ ਵਿੱਚ ਲਿਖਿਆ ਹੋਇਆ ਨਾਟਕ ਹੈ। ਨਾਟਕ ਵਿੱਚ ਆਤਮਾ ਨੂੰ ਵਿਕਾਊ ਮੰਨ ਕੇ ਵਧ ਰਹੇ ਰਾਜਨੀਤਿਕ ਭ੍ਰਿਸ਼ਟਾਚਾਰੀ ਦੇ ਵਿਸ਼ੇ ਨੂੰ ਛੂਹਿਆ ਗਿਆ ਹੈ। ਆਤਮਾ ਨੂੰ ਵਿਕਾਊ ਕਰਨ ਤੋਂ ਭਾਵ ਆਪਣੇ ਜ਼ਮੀਰ ਨੂੰ ਮਾਰਨਾ ਹੈ। ਜਦੋਂ ਮਨੁੱਖ ਆਪਣਾ ਜ਼ਮੀਰ ਮਾਰਦਾ ਹੈ ਤੇ ਭ੍ਰਿਸ਼ਟਾਚਾਰ ਵਧਦਾ ਹੈ। ਨਾਟਕਕਾਰ ਨੇ ਨਾਟਕ ਰਾਹੀਂ ਆਪਣੇ ਜ਼ਮੀਰ ਨੂੰ ਨਾ ਮਾਰਨ ਤੇ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ ਹੈ। ਨਾਟਕਕਾਰ ਕੇ ਸਾਰਾ ਨਾਟਕ ਪ੍ਰਤੀਕਾਤਮਕ ਲਹਿਜੇ ਵਿੱਚ ਪੇਸ਼ ਕੀਤਾ ਹੈ। ਇਹ ਨਾਟਕ ਦੀ ਸਮਾਜਿਕ ਸਮੱਸਿਆਵਾਂ ਨੂੰ ਘੇਰੇ ਵਿੱਚ ਲੈਂਦਾ ਹੋਇਆ ਰਾਜਨੀਤੀ ਤੇ ਵਿਅੰਗ ਕਰਦਾ ਹੈ।

ਨਾਟਕ 'ਹਵਾਈ ਗੋਲੇ' ਗੁਰਸ਼ਰਨ ਸਿੰਘ ਦਾ ਇੱਕ ਵਿਲੱਖਣ ਨਾਟਕ ਹੈ। ਜਿਸ ਵਿੱਚ ਉਸ ਨੇ ਪੂਰੇ ਦੇਸ਼ ਦਾ ਵਾਤਾਵਰਣ ਸਿਰਜਿਆ ਹੈ। ਨਾਟਕ ਵਿੱਚ ਉਸਨੇ ਤਿੰਨ ਧਿਰਾਂ ਬਣਾਈਆਂ ਹਨ। ਇੱਕ ਧਿਰ ਲੋਕ ਸਭਾ ਦੀ, ਦੂਜੀ ਧਿਰ ਅਫ਼ਸਰਸ਼ਾਹੀ ਦੀ ਤੇ ਤੀਜੀ

ਧਿਰ ਦੇਸ਼ ਦੀ ਆਮ ਜਨਤਾ ਦੀ ਹੈ। ਸਰਕਾਰ ਤੇ ਵਿਰੋਧੀ ਧਿਰ ਲੋਕ ਸਭਾ ਵਿੱਚ ਸਿਰਫ਼ ਇੱਕ ਦੂਸਰੇ ਤੇ ਹੀ ਦੂਸ਼ਣਬਾਜੀ ਲਗਾਉਂਦੇ ਹਨ, ਪਰ ਆਪਸ ਵਿੱਚ ਇਹ ਮਿਲੇ ਹੋਏ ਹਨ। ਉਹਨਾਂ ਦੀਆਂ ਗੱਲਾਂ ਸਿਰਫ਼ ਹਵਾਈ ਗੋਲੇ ਹੀ ਸਾਬਤ ਹੁੰਦੀਆਂ ਹਨ, ਜੋ ਆਮ ਜਨਤਾ ਦਾ ਕੁਝ ਨਹੀਂ ਸੰਵਾਰ ਸਕਦੀਆਂ। ਨਾਟਕ ਵਿੱਚ ਦੂਸਰੀ ਧਿਰ ਰਾਹੀਂ ਉਸਨੇ ਸਰਕਾਰੀ ਢਾਂਚੇ ਵਿੱਚ ਫੈਲੇ ਭ੍ਰਿਸ਼ਟਾਚਾਰ, ਬੇਨਿਯਮੀਆਂ ਨੂੰ ਪੇਸ਼ ਕੀਤਾ ਹੈ। ਹਾਕਮ ਵਰਗ ਦੀ ਗਲਤੀ ਕਰਕੇ ਹੀ ਅਕਾਲ, ਗਲਤ ਦਵਾਈਆਂ ਦੀ ਵਰਤੋਂ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਜਿਸ ਨਾਲ ਆਮ ਲੋਕ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਜੀਦਾ ਨਹੀਂ ਹੈ, ਸਗੋਂ ਸਰਕਾਰ ਆਪਸੀ ਕੁਰਸੀ ਸਲਾਮਤ ਰੱਖਣਾ ਚਾਹੁੰਦੀ ਹੈ। ਨਾਟਕ ਦਾ ਅੰਤ ਇਸ ਸਿਸਟਮ ਨੂੰ ਬਦਲਦਾ ਹੋਇਆ ਜਿੱਤ ਦਾ ਪ੍ਰਤੀਕ ਬਣਦਾ ਹੈ।

"ਆਦਮੀ: ਤੁਹਾਨੂੰ ਇਸਦਾ ਫ਼ਿਕਰ ਕਰਨ ਦੀ ਲੋੜ ਨਹੀਂ, ਅਸੀਂ ਮੁੜ ਉਸਾਰੀ ਕਰਾਂਗੇ ਇੱਕ ਨਵੇਂ ਸਮਾਜ ਦੀ।"[3]

ਨਾਟਕ 'ਤਮਾਸ਼ਾ-ਏ-ਹਿੰਦੋਸਤਾਨ' ਵਿੱਚ ਵੀ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹ ਨਾਟਕ ਇੱਕ ਵਿਅੰਗ ਭਰਪੂਰ ਨਾਟਕ ਹੈ। ਇਸ ਨਾਟਕ ਰਾਹੀਂ ਵੀ ਪੂਰੇ ਹਿੰਦੋਸਤਾਨ ਦਾ ਤਮਾਸ਼ਾ ਪ੍ਰਤੀਕਾਤਮਕ ਪਾਤਰ ਮਦਾਰੀ ਤੇ ਜਮੂਰੇ ਰਾਹੀਂ ਪੇਸ਼ ਕੀਤਾ ਹੈ। ਨਾਟਕ ਵਿੱਚ ਡਾਕਟਰ ਦੀ ਅਣਗਹਿਲੀ ਨਾਲ ਹੋਈ ਜਮੂਰੇ ਦੀ ਮੌਤ ਦੀ ਘਟਨਾ ਪੇਸ਼ ਕੀਤੀ ਗਈ ਹੈ, ਪਰ ਇਹ ਘਟਨਾ ਕੋਈ ਆਮ ਘਟਨਾ ਨਹੀਂ ਹੈ। ਇਹ ਘਟਨਾ ਹੀ ਹਿੰਦੋਸਤਾਨ ਦੇ ਨਾਕਸ ਪ੍ਰਬੰਧਾਂ ਦੀ ਪੋਲ ਖੋਲਦੀ ਹੈ। ਨਾਟਕ ਰਾਹੀਂ ਗੁਰਸ਼ਰਨ ਸਿੰਘ ਇਹਨਾਂ ਸਮੱਸਿਆਵਾਂ ਨੂੰ ਖਤਮ ਕਰਨ ਦਾ ਸੁਨੇਹਾ ਦਿੰਦਾ ਹੈ।

ਨਾਟਕ 'ਡਰਨਾ' ਰਾਹੀਂ ਗੁਰਸ਼ਰਨ ਸਿੰਘ ਮਜ਼ਦੂਰ, ਦਲਿਤ ਲੋਕਾਂ ਦੇ ਹੱਕ ਵਿੱਚ ਖੜ੍ਹਦਾ ਹੈ। ਇਸ ਨਾਟਕ ਵਿੱਚ ਉਸਨੇ ਗਰੀਬ ਤੇ ਭੂਮੀਹੀਣ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕੀਤੀ ਹੈ। ਨਾਟਕ ਦਾ ਵਿਸ਼ਾ ਮਜ਼ਦੂਰ ਵਰਗ ਦੀਆਂ ਔਰਤਾਂ ਤੇ ਖੇਤਾਂ ਵਿੱਚ ਜਬਰ ਜ਼ੁਲਮ ਤੇ ਧੱਕੇਸ਼ਾਹੀ ਤੇ ਕੇਂਦਰਿਤ ਹੈ। ਨਾਟਕ ਵਿੱਚ ਰਾਜਨੀਤਿਕ ਵਿਅਕਤੀ, ਅਮੀਰ ਸਰਦਾਰਾਂ ਤੇ ਪੁਲਿਸ ਪ੍ਰਬੰਧ, ਕਾਨੂੰਨ ਵਿਵਸਥਾ ਤੇ ਵੀ ਵਿਅੰਗ ਕੀਤਾ ਗਿਆ ਹੈ। ਨਾਟਕ ਵਿੱਚ ਨਾਟਕਕਾਰ ਨੇ ਡਰਨਾ ਇੱਕ ਪ੍ਰਤੀਕਾਤਮਕ ਪਾਤਰ ਵਜੋਂ ਸਿਰਜਿਆ ਹੈ।

"ਡਰਨਾ: ਸੋ ਕਾਨੂੰਨੀ ਕਾਰਵਾਈ ਕੀਤੀ ਗਈ। ਥਾਣੇਦਾਰ ਸਾਹਬ ਆਏ ਉਹਨਾਂ ਨੇ ਸਾਰੇ ਖੇਤ ਦਾ ਨਕਸ਼ਾ ਬਣਾਇਆ। ਮਿੱਟੀ ਦੇ ਕੁਝ ਸੈਂਪਲ ਲਏ.... ਪਰ ਕਾਨੂੰਨ ਦੀ ਨਕੇਲ ਤਾਂ ਪੈਸੇ ਵਾਲਿਆਂ ਦੇ ਹੱਥ ਏ। ਦਿਨੇ ਕੁਝ ਹੁੰਦਾ ਏ ਤੇ ਰਾਤੀ ਕੁਝ ਹੋਰ ਹੁੰਦਾ ਏ। ਦਿਨੇ ਗਵਾਹੀਆਂ ਖੜੀਆਂ ਕੀਤੀਆਂ ਜਾਂਦੀਆਂ ਹਨ ਤਾਂ ਰਾਤ ਦੇ ਹਨ੍ਹੇਰੇ ਵਿੱਚ ਉਹ ਗਵਾਹੀਆਂ ਖਰੀਦੀਆਂ ਜਾਂਦੀਆਂ ਹਨ।"[4]

ਨਾਟਕ 'ਸਤਨਾਮੀ ਬਾਈ' ਤੇ 'ਕਚਹਿਰੀ' ਰਾਹੀਂ ਭਾਰਤੀ ਕਾਨੂੰਨ ਵਿਵਸਥਾ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ ਹੈ। ਭਾਰਤੀ ਕਾਨੂੰਨ ਵਿਵਸਥਾ ਇੰਨੀ ਨੁਕਸਦਾਰ ਹੈ ਕਿ ਇਸ ਵਿੱਚ ਆਮ ਤੇ ਗਰੀਬ ਵਿਅਕਤੀ ਲਈ ਕੋਈ ਨਿਆਂ ਨਹੀਂ ਹੈ। ਨਿਆਂ ਤਾਂ ਸਿਰਫ਼ ਪੈਸੇ ਵਾਲੇ ਲੋਕਾਂ ਦਾ ਰਹਿ ਗਿਆ ਹੈ। ਜੋ ਨਿਆਂ ਦੀਆਂ ਖਰੀਦਦਾਰੀ ਕਰਦੇ ਹਨ। ਭਾਰਤੀ ਅਦਾਲਤਾਂ ਗੁੰਡੇ ਅਨਸਰਾਂ ਦੇ ਅੱਡੇ ਬਣ ਚੁੱਕੀਆਂ ਹਨ, ਜਿੱਥੇ ਹਰ ਰੋਜ਼ ਝੂਠ ਦੇ ਆਧਾਰ ਤੇ ਫੈਸਲੇ ਹੁੰਦੇ ਹਨ ਤੇ ਕਿਸੇ ਬੇਕਸੂਰ ਦੀ ਬਲੀ ਦਿੱਤੀ ਜਾਂਦੀ ਹੈ। ਨਾਟਕ ਦੀ ਪਾਤਰ ਸਤਨਾਮੀ ਬਾਈ ਦਿੱਲੀ ਦੰਗਿਆਂ ਬਾਰੇ ਅਹਿਮ ਗਵਾਹ ਹੈ, ਜੋ ਕਾਤਲਾਂ ਨੂੰ ਪਹਿਚਾਣਦੀ ਹੈ। ਪਰ ਨਾਟਕ ਵਿੱਚ ਪੈਸੇ ਵਾਲੇ ਲੋਕ ਆਪਣੇ ਜ਼ੋਰ ਨਾਲ ਸਤਨਾਮੀ ਬਾਈ ਨੂੰ ਮੁਕਰਾ ਦਿੰਦੇ ਹਨ।

ਨਾਟਕ 'ਕਚਹਿਰੀ' ਰਾਹੀਂ ਗੁਰਸ਼ਰਨ ਸਿੰਘ ਭਾਰਤੀ ਅਦਾਲਤਾਂ ਨੂੰ ਪ੍ਰਸੰਗ ਵਿੱਚ ਰੱਖ ਕੇ ਉਹਨਾਂ ਵਿੱਚ ਹੁੰਦੇ ਫੈਸਲਿਆਂ ਦੇ ਪਾਜ ਨੂੰ ਉਘਾੜਿਆ ਹੈ। ਗੁਰਸ਼ਰਨ ਸਿੰਘ ਨੇ ਭਾਰਤੀ ਅਦਾਲਤਾਂ ਨੂੰ ਭ੍ਰਿਸ਼ਟਾਚਾਰ ਵਿੱਚ ਲਿੱਬੜੀਆਂ ਹੋਈਆਂ ਸੰਸਥਾਵਾਂ ਵਜੋਂ ਪੇਸ਼ ਕੀਤਾ ਹੈ। ਨਾਟਕ ਵਿੱਚ ਨਾਟਕਕਾਰ ਨੇ ਇੱਕ ਅਸਥਾਪਤ ਕਾਨੂੰਨ ਦੇ ਜੱਜ ਰਾਹੀਂ ਜੋ ਕਿ ਇੱਕ ਨੌਜੁਆਨ ਹੈ, ਸਮੁੱਚੀ ਭਾਰਤੀ ਨਿਆਂ ਪ੍ਰਣਾਲੀ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ। ਨਾਟਕ ਰਾਹੀਂ ਇਹ ਪ੍ਰਤੱਖ ਕੀਤਾ ਗਿਆ ਹੈ ਕਿ ਹੋ ਰਹੇ ਜੁਰਮਾਂ ਦਾ ਕਾਰਨ ਆਮ ਲੋਕ ਨਹੀਂ ਹਨ, ਸਗੋਂ ਇਹਨਾਂ ਦੀ ਜ਼ਿੰਮੇਵਾਰ ਸਿੱਧੇ ਤੌਰ ਤੇ ਸਰਕਾਰ ਹੈ। ਜੇਕਰ ਸਰਕਾਰ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰੇ ਤਾਂ ਜੋ ਉਹਨਾਂ ਦਾ ਜੀਵਨ ਪੱਧਰ ਉਚਾ ਹੋ ਸਕੇ ਤਾਂ ਜੁਰਮ ਆਪਣੇ ਆਪ ਵਿੱਚ ਖ਼ਤਮ ਹੋ ਜਾਂਦਾ ਹੈ।

ਨਾਟਕ 'ਜੰਗੀ ਰਾਮ ਦੀ ਹਵੇਲੀ ਗੁਰਸ਼ਰਨ ਸਿੰਘ ਦਾ ਇੱਕ ਪ੍ਰਭਾਵਸ਼ਾਲੀ ਤੇ ਪ੍ਰਤੀਕਾਤਮਕ ਨਾਟਕ ਹੈ। ਇਸ ਨਾਟਕ ਦਾ ਪਿੜ ਵੀ ਹਿੰਦੋਸਤਾਨ ਦੇ ਰੂਪ ਵਿੱਚ ਸਿਰਜਿਆ ਗਿਆ ਹੈ। ਨਾਟਕ ਵਿੱਚ ਹਵੇਲੀ ਨੂੰ ਵਜੋਂ ਵਰਤ ਕੇ ਪੂਰੇ ਹਿੰਦੋਸਤਾਨ ਦੀ

ਹਾਲਤਾਂ ਨੂੰ ਬਿਆਨ ਕੀਤਾ ਗਿਆ ਹੈ। ਨਾਟਕ ਵਿੱਚ ਨਾਟਕਕਾਰ ਨੇ ਹਿੰਦੋਸਤਾਨ ਦੀ ਭ੍ਰਿਸ਼ਟ ਵਿਵਸਥਾ, ਭ੍ਰਿਸ਼ਟ ਰਾਜਨੀਤੀ ਤੇ ਆਮ ਲੋਕਾਂ ਦੀ ਤਰਾਸਦੀ ਨੂੰ ਪੇਸ਼ ਕੀਤਾ ਹੈ। ਨਾਟਕ ਵਿਅੰਗਾਤਮਕ ਲਹਿਜੇ ਨਾਲ ਸੰਚਾਰ ਕਰਦਾ ਹੈ। ਨਾਟਕ ਵਿੱਚ ਭਾਈ ਭਤੀਜਾਵਾਦ ਤੇ ਸਰਕਾਰ ਦੀਆਂ ਕੁੜੀਆਂ ਚਾਲਾਂ ਤੇ ਵੀ ਸਿੱਧੀ ਚੋਟ ਕੀਤੀ ਗਈ ਹੈ। ਨਾਟਕ ਦਾ ਅੰਤ ਆਮ ਲੋਕਾਂ ਦੀ ਜਿੱਤ ਦਾ ਪ੍ਰਤੀਕ ਬਣ ਕੇ ਉਹਨਾਂ ਦੇ ਪੱਖ ਵਿੱਚ ਪੂਰਨ ਰੂਪ ਵਿੱਚ ਖਰਾ ਉਤਰਦਾ ਹੈ।

ਨਾਟਕ 'ਬੇਰੁਜ਼ਗਾਰ' ਵਿੱਚ ਗੁਰਸ਼ਰਨ ਸਿੰਘ ਨੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਕੇਂਦਰ ਵਿੱਚ ਰੱਖ ਕੇ ਵੱਖ-ਵੱਖ ਸ਼੍ਰੇਣੀਆਂ ਦੀ ਬੇਰੁਜ਼ਗਾਰੀ ਨੂੰ ਪੇਸ਼ ਕੀਤਾ ਗਿਆ। ਨਾਟਕ ਵਿੱਚ ਵਿਦਿਆਰਥੀਵਰਗ, ਮਜ਼ਦੂਰ ਵਰਗ, ਕਿਸਾਨ, ਕਾਰਖਾਨੇਦਾਰ, ਪੇਂਡੂ ਕਿਰਤੀ ਵਰਗ ਬੇਰੁਜ਼ਗਾਰੀ ਨੂੰ ਪੇਸ਼ ਕੀਤਾ ਗਿਆ ਹੈ। ਨਾਟਕ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਲਈ ਸਰਕਾਰ ਨੂੰ ਦੋਸ਼ੀ ਵਰਦਾਨਿਆ ਗਿਆ ਹੈ। ਸਰਕਾਰ ਰੁਜ਼ਗਾਰ ਦੇ ਮਸਲੇ ਤੇ ਸੰਜੀਦਾ ਨਹੀਂ ਹੈ। ਨਾਟਕ ਵਿੱਚ ਪੂੰਜੀਵਾਦ ਵਿਵਸਥਾ ਅਧੀਨ ਹੋ ਰਹੇ ਵਿਕਾਸ ਤੇ ਵੀ ਵਿਅੰਗ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਉਸਨੇ ਘਰੇਲੂ ਤੇ ਛੋਟੇ ਕਿਰਤੀਆਂ ਦੇ ਰੁਜ਼ਗਾਰ ਵਿੱਚ ਲੱਤ ਮਾਰੀ ਹੈ। ਨਾਟਕ ਆਪਣੇ ਅੰਤ ਵਿੱਚ ਸੰਘਰਸ਼ ਕਰਨ ਦਾ ਇਨਕਲਾਬੀ ਸੁਨੇਹਾ ਦਿੰਦਾ ਹੈ।

ਗੁਰਸ਼ਰਨ ਸਿੰਘ ਨੇ ਇਤਿਹਾਸ ਨੂੰ ਪਿਛੋਕੜ ਵਿੱਚ ਰੱਖ ਕੇ ਜ਼ੁਲਮ, ਬੇਇਨਸਾਫੀ, ਲੁੱਟ ਖਸੁੱਟ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਨਾ ਦਿੱਤੀ। ਉਹ ਸਮੁੱਚੀ ਪੂੰਜੀਵਾਦੀ ਵਿਵਸਥਾ ਦਾ ਵਿਰੋਧੀ ਹੈ। ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਵੀ ਹਕੂਮਤ ਸ਼੍ਰੇਣੀ ਲੋਕਾਂ ਦੀ ਲੁੱਟ ਕਰਦੀ ਸੀ ਤੇ ਇਹ ਲੁੱਟ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਇਤਿਹਾਸ ਨੂੰ ਪ੍ਰਸੰਗ ਵਿੱਚ ਰੱਖ ਕੇ ਅਜੋਕੇ ਸਮਾਜ ਦੀ ਸਥਿਤੀ ਦੀ ਪੇਸ਼ਕਾਰੀ ਬਾਖੂਬੀ ਕਰਦਾ ਹੈ। ਇਤਿਹਾਸਕ ਚੇਤਨਾ ਨੂੰ ਪ੍ਰਸੰਗ ਵਿੱਚ ਰੱਖ ਕੇ ਉਸਨੇ 'ਧਮਕ ਨਗਾਰੇ ਦੀ', 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ', 'ਕਿਵ ਕੂੜੈ ਤੁਟੇ ਪਾਲ', 'ਸੀਸ ਤਲੀ ਤੇ', 'ਤੱਤੀ ਤਵੀ', 'ਗੁਰੂ ਲਾਧੋ ਰੇ', 'ਨਿਉਟਿਆਂ ਦੀ ਓਟ', 'ਪੁਰਜਾ ਪੁਰਜਾ ਕਟਿ ਮਰੈ', 'ਤਬੈ ਰੋਸ ਜਾਗਯੋ..... ਆਦਿ ਨਾਟਕ ਲਿਖੇ।

ਨਾਟਕ 'ਧਮਕ ਨਗਾਰੇ ਦੀ' ਵਿੱਚ ਦੁੱਲੇ ਤੇ ਉਸਦੇ ਪੁੱਤਰ ਨੂਰੇ ਦੁਆਰਾ ਸਮੇਂ ਦੀ ਸਰਕਾਰ ਵਿਰੁੱਧ ਹਥਿਆਰ ਚੁੱਕੇ ਵਿਖਾਏ ਗਏ ਹਨ, ਕਿਉਂਕਿ ਉਸ ਦੇ ਪਿਤਾ ਤੇ ਦਾਦੇ

ਨੂੰ ਮਾਲੀਆ ਨਾ ਦੇਣ ਦੇਣ ਕਾਰਨ ਸਮੇਂ ਦੀ ਸਰਕਾਰ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਹਨਾਂ ਦੀਆਂ ਖੱਲਾਂ ਲਾਹ ਕੇ ਉਹਨਾਂ ਵਿੱਚ ਤੂੜੀ ਭਰ ਕੇ ਸ਼ਾਹੀ ਦਰਵਾਜ਼ੇ ਅੱਗੇ ਟੰਗ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਸਰਕਾਰ ਵਿਰੁੱਧ ਬੋਲਣ ਦਾ ਹੌਂਸਲਾ ਨਾ ਕਰੇ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕ ਵਿੱਚ ਦੁੱਲੇ ਨੂੰ ਲੋਕ ਨਾਇਕ ਵਜੋਂ ਪੇਸ਼ ਕੀਤਾ ਹੈ, ਜੋ ਜਬਰ ਜ਼ੁਲਮ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦਾ ਹੈ ਤੇ ਸਥਿਤੀ ਨੂੰ ਵੰਗਾਰਦਾ ਹੈ। ਗੁਰਸ਼ਰਨ ਸਿੰਘ ਨੇ ਆਪਣੇ ਇਸ ਨਾਟਕ ਰਾਹੀਂ ਮੌਜੂਦਾ ਪ੍ਰਬੰਧਕੀ ਢਾਂਚੇ ਦੀ ਪੋਲ ਖੋਲੀ ਹੈ। ਉਸਨੂੰ ਮੌਜੂਦਾ ਪ੍ਰਬੰਧਕੀ ਢਾਂਚਾ ਯੋਗ ਨਹੀਂ ਜਾਪਦਾ। ਕਿਉਂਕਿ ਇਸ ਵਿੱਚ ਨਿਮਨ ਕਿਸਾਨੀ ਤੇ ਭੂਮੀਹੀਣ ਕਿਸਾਨੀ ਉਪਰ ਅੰਨੇ ਅਤਿਆਚਾਰ ਕੀਤੇ ਜਾ ਰਹੇ ਹਨ ਤੇ ਉਹਨਾਂ ਦਾ ਧਨੀ ਕਿਸਾਨੀ ਦੁਆਰਾ ਸ਼ਰੇਆਮ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਮੇਂ ਦੀਹਕੂਮਤ ਵੀ ਉਹਨਾਂ ਨਾਲ ਚੰਗਾ ਸਲੂਕ ਨਹੀਂ ਕਰਦੀ। ਇਸ ਲਈ ਗੁਰਸ਼ਰਨ ਸਿੰਘ ਆਪਣੇ ਨਾਟਕ ਵਿੱਚ ਇਤਿਹਾਸ ਰਾਹੀਂ ਸਮਾਜ ਵਿਚਲੀ ਨਾ ਬਰਾਬਰੀ ਦੀ ਨੀਂਹ ਨੰ ਤੋੜਨ ਦੀ ਸਿੱਖਿਆ ਦਿੰਦਾ ਹੈ। ਨਾਟਕ ਦਾ ਅੰਤ ਦੁੱਲੇ ਦੁਆਰਾ ਇਹ ਜੰਗ ਜਾਰੀ ਰੱਖਣ ਦੇ ਐਲਾਨ ਨਾਲ ਹੁੰਦਾ ਹੈ। ਦੁੱਲੇ ਦੁਆਰਾ ਵਜਾਇਆ ਗਿਆ ਨਗਾਰਾ ਨਵੇਂ ਇਨਕਲਾਬ ਦੀ ਆਮਦ ਦਾ ਸੂਚਕ ਹੈ।

"ਲੱਧੀ: ਕੀ ਹੋਇਆ ਦੁੱਲਾ ਅੱਜ ਸਾਡੇ ਵਿੱਚ ਨਹੀਂ ਰਿਹਾ, ਤੁਸੀਂ ਤਾਂ ਜਿਉਂਦੇ ਹੋ, ਇਹ ਧਰਤੀ ਦੀ ਅਣਖ ਤਾਂ ਜੀਦੀਂ ਏ। ਜੰਗ ਹਾਲੀ ਮੁੱਕੀ ਨਹੀਂ ਮੇਰੇ ਪੁੱਤਰੋ, ਜੰਗ ਤਾਂ ਹਾਲੇ ਜਾਰੀ ਏ।"[5]

'ਸੀਸ ਤਲੀ ਤੇ' ਨਾਟਕ ਅੰਗਰੇਜ਼ੀ ਰਾਜ ਸਮੇਂ ਚੱਲੀ ਬੱਬਰ ਲਹਿਰ ਨਾਲ ਸੰਬੰਧਿਤ ਹੈ। ਇਹ ਲਹਿਰ ਇੱਕ ਅਜਿਹੇ ਇਨਕਲਾਬੀਆਂ ਦੀ ਲਹਿਰ ਸੀ, ਜੋ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਆਪਣਾ ਸੀਸ ਤਲੀ ਤੇ ਰੱਖ ਤੇ ਤੁਰ ਪਏ ਸਨ। ਇਸ ਨਾਟਕ ਵਿੱਚ ਵੀ ਗੁਰਸ਼ਰਨ ਸਿੰਘ ਨੇ ਇਤਿਹਾਸ ਨੂੰ ਕੇਂਦਰ ਵਿੱਚ ਰੱਖ ਕੇ ਅਜੋਕੀ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ। ਬੱਬਰ ਲਹਿਰ ਨੇ ਅੰਗਰੇਜ਼ਾਂ ਵਿਰੁੱਧ ਆਪਣਾ ਸੰਘਰਸ਼ ਕੀਤਾ, ਪਰ ਨਾਟਕ ਰਾਹੀਂ ਗੁਰਸ਼ਰਨ ਸਿੰਘ ਨੇ ਅੰਗਰੇਜ਼ਾਂ ਦੀ ਗੁਲਾਮੀ ਨੂੰ ਪ੍ਰਤੀਕ ਵਜੋਂ ਪੇਸ਼ ਕਰਕੇ ਮੌਜੂਦਾ ਸ਼ੋਸ਼ਿਤ ਵਰਗ ਨੂੰ ਸ਼ਾਸਕ ਵਰਗ ਦੀ ਗੁਲਾਮੀ ਤੋਂ ਮੁਕਤੀ ਪਾਉਣ ਲਈ ਸੰਘਰਸ਼ ਕਰਨ ਦਾ ਸੰਦੇਸ਼ ਦਿੰਦਾ ਹੈ। ਨਾਟਕ ਵਿੱਚ ਜੱਟਾਂ, ਸਾਹੂਕਾਰਾਂ, ਜਗੀਰਦਾਰਾਂ ਦੇ ਕਿਰਦਾਰ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸਦੇ ਨਾਲ ਨਾਟਕ ਵਿੱਚ ਪੁਲਿਸ ਕਿਰਦਾਰ ਦੀ

ਪੇਸ਼ਕਾਰੀ ਕੀਤੀ ਗਈ ਹੈ। ਨਾਟਕ ਦਾ ਅੰਤ ਸੰਘਰਸ਼ ਕਰਨ ਦਾ ਹੋਕਾ ਦਿੰਦਾ ਹੈ। ਜਿਸ ਤਰ੍ਹਾਂ ਬੱਬਰਾਂ ਨੇ ਅੰਗਰੇਜ਼ੀ ਰਾਜ ਵਿਰੁੱਧ ਸੰਘਰਸ਼ ਕੀਤਾ, ਉਸੇ ਤਰ੍ਹਾਂ ਸਾਨੂੰ ਵੀ ਹੁਣ ਇਸ ਅਜੋਕੇ ਨਿਜ਼ਾਮ ਵਿਰੁੱਧ ਸੰਘਰਸ਼ ਦਾ ਝੰਡਾ ਚੁੱਕਣਾ ਪਵੇਗਾ। ਨਾਟਕ ਦੇ ਅੰਤ ਤੇ ਗੀਤ ਨਾਟਕ ਨੂੰ ਸੰਦੇਸ਼ਮਈ ਬਣਾ ਦਿੰਦਾ ਹੈ।

ਨਾਟਕ 'ਕਿਵ ਕੂੜੈ ਤੁਟੇ ਪਾਲ' ਵਿੱਚ ਗੁਰੂ ਗੋਬਿੰਦ ਸਿੰਘ ਤੇ ਮੁਗਲਾਂ ਵਿੱਚ ਇਤਿਹਾਸਕ ਲੜਾਈ, ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਉਤੇ ਆਧਾਰਿਤ ਹੈ। ਨਾਟਕ ਵਿੱਚ ਇਕ ਪਾਸੇ ਘਟਨਾਵਾਂ ਇਤਿਹਾਸਕ ਕ੍ਰਮ ਵਿੱਚ ਚਲਦੀਆਂ ਹਨ ਤੇ ਦੂਸਰੇ ਪਾਸੇ ਉਹ ਸੰਦੇਸ਼ ਵਾਹਕ ਦਾ ਕੰਮ ਵੀ ਕਰ ਰਹੀਆਂ ਹਨ। ਦੂਸਰੇ ਨਾਟਕਾਂ ਦੀ ਤਰ੍ਹਾਂ ਇਸ ਨਾਟਕ ਵਿੱਚ ਜਬਰ ਜ਼ੁਲਮ ਖਿਲਾਫ ਡਟਣ ਦੀ ਪ੍ਰੇਰਣਾ ਦਿੱਤੀ ਹੈ। ਇਹ ਨਾਟਕ ਸਿੱਧ ਕਰਦਾ ਹੈ ਕਿ ਜਦੋਂ ਤੱਕ ਇੱਟ ਦਾ ਜਵਾਬ ਪੱਥਰ ਨਾਲ ਨਹੀਂ ਦਿੱਤਾ ਜਾਂਦਾ, ਉਹਨਾਂ ਚਿਰ ਇਸ ਧਰਤੀ ਤੋਂ ਜ਼ੁਲਮ ਦਾ ਖਾਤਮਾ ਨਹੀਂ ਹੋ ਸਕਦਾ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਇਹ ਜਵਾਬ ਸਰਹਿੰਦ ਸ਼ਹਿਰ ਨੂੰ ਦਿੱਤਾ ਸੀ। ਨਾਟਕਕਾਰ ਨੇ ਨਾਟਕ ਵਿੱਚ ਇੱਕ ਪਾਤਰ ਦਰਵੇਸ਼ ਪ੍ਰਤੀਕਾਤਮਕ ਰੂਪ ਵਿੱਚ ਸਿਰਜਿਆ ਹੈ, ਜੋ ਨਾਟਕ ਵਿੱਚ ਘਟਣ ਵਾਲੀ ਘਟਨਾ ਬਾਰੇ ਪਹਿਲਾਂ ਦੱਸਦਾ ਹੈ। ਦੂਸਰੇ ਨਾਟਕਾਂ ਵਾਂਗ ਇਸ ਨਾਟਕ ਦਾ ਅੰਤ ਵੀ ਇਨਕਲਾਬ ਦਾ ਸੁਨੇਹਾ ਦਿੰਦਾ ਹੈ ਜਬਰ ਜ਼ੁਲਮ ਵਿਰੁੱਧ ਸੰਘਰਸ਼ ਕਰਨ ਦਾ ਇਸ਼ਾਰਾ ਕਰਦਾ ਹੈ—

"ਇਹ ਸਚਾਈ ਅੱਜ ਦੇ ਯੁੱਗ ਦੀ ਹੈ ਤੇ ਇਹ ਸਚਾਈ ਆਉਣ ਵਾਲੇ ਯੁੱਗ ਦੀ ਹੋਵੇਗੀ ਤੇ ਇਸ ਤਰ੍ਹਾਂ ਮੇਰੀ ਅੱਜ ਕਹਾਣੀ ਚਾਂਦਨੀ ਚੌਂਕ ਤੋਂ ਸਰਹਿੰਦ ਤਕ ਖਤਮ ਹੁੰਦੀ ਹੈ। ਕਿਵ ਕੂੜੈ ਤੁਟੇ ਪਾਲੁ, ਇਹ ਝੂਠ ਦੀ ਕੰਧ ਕਿਸ ਤਰ੍ਹਾਂ ਟੁੱਟੇ, ਇਹ ਸਵਾਲ ਸਰਹਿੰਦ ਸ਼ਹਿਰ ਦੀ ਫ਼ਿਜਾ ਵਿੱਚ ਸੀ ਤੇ ਜਵਾਬ ਦਿੱਤਾ ਸੀ ਬੰਦੇ ਬਹਾਦਰ ਨੇ। ਇਹ ਸਵਾਲ ਅੱਜ ਵੀ ਸਾਡੇ ਦੇਸ਼ ਦੀ ਫਿਜ਼ਾ ਤੇ ਹੈ ਕਿ ਝੂਠ ਦਾ ਪਸਾਰਾ ਕਿਸ ਤਰ੍ਹਾਂ ਟੁੱਟੇ ਤੇ ਇਹਦਾ ਜਵਾਬ ਦੇਣਾ ਹੈ ਤੁਸੀਂ, ਜਿਹੜੇ ਬੰਦਾ ਬਹਾਦਰ ਦੇ ਵਾਰਸ ਹੈ। ਗੁਰੂ ਗੋਬਿੰਦ ਸਿੰਘ ਦੇ ਵਾਰਸ ਹੋ।"[6]

ਗੁਰਸ਼ਰਨ ਸਿੰਘ ਦਾ ਇਹ ਨਾਟਕ ਪੰਜਾਬ ਦੀ ਸੰਕਟਕਾਲੀਨ ਸਥਿਤੀ ਨਾਲ ਵੀ ਜੁੜਦਾ ਹੈ। ਇਸ ਨਾਟਕ ਵਿੱਚ 1975 ਵਿੱਚ ਲੱਗੀ ਐਮਰਜੈਂਸੀ ਨੂੰ ਹਕੂਮਤੀ ਅੱਤਿਆਚਾਰ ਵਜੋਂ ਚਿਤਰਿਆ ਗਿਆ। ਪੰਜਾਬ ਵਿੱਚ ਚੱਲੀ ਖਾੜਕੂਵਾਦ ਲਹਿਰ ਤੇ ਪੁਲਿਸ ਵਧੀਕੀਆਂ ਵਿੱਚ ਆਮ ਆਦਮੀ ਦੇ ਹੋਏ ਘਾਣ ਨੂੰ ਵੀ ਇਸ ਨਾਟਕ ਵਿੱਚ ਪੇਸ਼

ਕੀਤਾ ਗਿਆ।

ਨਾਟਕ 'ਤਬੈ ਰੋਸ ਜਾਗਿਯੋ' ਵਿੱਚ ਗੁਰਸ਼ਰਨ ਸਿੰਘ ਨੇ ਸੰਘਰਸ਼ ਕਰਨ ਦੇ ਨਾਲ-ਨਾਲ ਔਰਤ ਦੀ ਅਜ਼ਾਦੀ ਤੇ ਉਸਦੇ ਹੱਕਾਂ ਬਾਰੇ ਵੀ ਗੱਲ ਕੀਤੀ ਹੈ। ਨਾਟਕ ਦੀ ਕਥਾ ਜਿੱਥੇ ਪੂਰਨ ਰੂਪ ਵਿੱਚ ਇਤਿਹਾਸਕ ਹੈ, ਉਥੇ ਉਹ ਸੰਚਾਰ ਅੱਜ ਦੇ ਸਮਾਜ ਵਿੱਚ ਕਰ ਰਹੀ ਹੈ। ਨਾਟਕ ਵਿੱਚ ਇੱਕ ਪਾਸੇ ਸਰਕਾਰੀ ਜਬਰ ਦਾ ਵਿਖਿਆਨ ਕੀਤਾ ਗਿਆ ਤੇ ਦੂਸਰੇ ਪਾਸੇ ਔਰਤ ਚੇਤਨਾ ਦੀ ਗੱਲ ਕੀਤੀ ਗਈ ਹੈ। ਇਸ ਤਰ੍ਹਾਂ ਇਹ ਨਾਟਕ ਇਤਿਹਾਸਕ ਚੇਤਨਾ ਨਾਲ ਇੱਕ ਔਰਤ ਵੀ ਗਾਥਾ ਵੀ ਹੈ। ਮੌਜੂਦਾ ਸਮੇਂ ਵਿੱਚ ਔਰਤਾਂ ਦੀ ਹਾਲਤ ਬਹੁਤ ਤਰਸਯੋਗ ਹੈ। ਉਹਨਾਂ ਨੂੰ ਹਰ ਪੱਖ ਮਰਦਾਂ ਤੋਂ ਹੀਣੇ ਸਮਝਿਆ ਜਾਂਦਾ ਹੈ। ਮੌਜੂਦਾ ਪ੍ਰਬੰਧਕੀ ਢਾਂਚਾ ਵੀ ਔਰਤ ਦੇ ਹੱਕਾਂ ਪ੍ਰਤੀ ਸੰਜੀਦਾ ਨਹੀਂ ਹੈ। ਮੌਜੂਦਾ ਪ੍ਰਬੰਧ ਵਿੱਚ ਅਨੇਕਾਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਔਰਤ ਸਹਿਣ ਕਰਦੀ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਇਤਿਹਾਸਕ ਕਥਾ ਨੂੰ ਪ੍ਰਸੰਗ ਵਿੱਚ ਰੱਖ ਕੇ ਔਰਤ ਦੀ ਮੌਜੂਦਾ ਸਥਿਤੀ ਦੀ ਪੇਸ਼ਕਾਰੀ ਬਾਖ਼ੂਬੀ ਕਰਦਾ ਹੈ। ਨਾਟਕ ਦਾ ਅੰਤ ਔਰਤ ਦੀ ਸਮਾਜ ਵਿੱਚ ਬਰਾਬਰੀ ਤੇ ਸਤਿਕਾਰ ਦਾ ਸੁਨੇਹਾ ਦਿੰਦਾ ਹੈ।

"ਔਰਤਾਂ ਕਿਸੇ ਕੰਮ ਵਿੱਚ ਮਰਦਾਂ ਨਾਲੋਂ ਪਿੱਛੇ ਨਹੀਂ। ਸਾਡਾ ਇਤਿਹਾਸ ਇਹਦੀ ਸ਼ਾਹਦੀ ਭਰਦਾ ਹੈ। ਇਹ ਵਾਰਤਾਆਪਣੇ ਆਪ ਵਿੱਚ ਉਸ ਸੋਚ ਨੂੰ ਚੁਣੌਤੀ ਹੈ, ਜਦੋ ਸਾਡੇ ਸਮਾਜ ਵਿੱਚ ਨਵੇਂ-ਨਵੇਂ ਟੈਸਟ ਕਰਵਾ ਕੇ ਬੇਟੀਆਂ ਨੂੰ ਵਰਲ ਵਿੱਚ ਹੀ ਖਤਮ ਕਰਨ ਦਾ ਰਿਵਾਜ਼ ਹੋ ਗਿਆ ਹੈ। ਅੱਜ ਗੁਰੂ ਦਾ ਗੁਰਪੁਰਬ ਮਨਾਉਂਦਿਆਂ ਗੁਰੂ ਦੇ ਸਿੰਘ ਇਸ ਗੱਲ ਨੂੰ ਯਾਦ ਰੱਖਣਗੇ ਕਿ ਔਰਤ ਜਾਤ ਦੀ ਇੱਜ਼ਤ ਤੇ ਸਤਿਕਾਰ ਕਰਨਾ ਹਰ ਗੁਰੂ ਦੇ ਸਿੰਘ ਦਾ ਫਰਜ਼ ਹੈ।"[7]

ਇਸ ਤੋਂ ਇਲਾਵਾ ਗੁਰਸ਼ਰਨ ਸਿੰਘ ਨੇ 'ਪਰਖ', 'ਸੂਰਮੇ ਦੀ ਸਿਰਜਣਾ', 'ਪੁਰਜਾ ਪੁਰਜਾ ਕਟਿ ਮਰੈ', 'ਤੱਤੀ ਤਵੀ', 'ਗੁਰੂ ਲਾਧੋ ਰੇ', 'ਨਿਉਟਿਆ ਦੀ ਓਟ ਆਦਿ ਇਤਿਹਾਸਕ ਨਾਟਕਾਂ ਦੀ ਸਿਰਜਣਾ ਕੀਤੀ।

ਗੁਰਸ਼ਰਨ ਸਿੰਘ ਰਾਜਸੀ ਪੱਧਰ ਤੇ ਸੁਚੇਤ ਨਾਟਕਕਾਰ ਹੈ। ਉਸਨੇ ਹਮੇਸ਼ਾਂ ਆਪਣੇ ਨਾਟਕਾਂ ਵਿੱਚ ਲੋਕ ਹਿੱਤਾਂ ਦੀ ਪੈਰਵੀ ਕੀਤੀ। ਪੰਜਾਬ ਸੰਕਟ ਦੌਰਾਨ ਲਿਖੇ ਨਾਟਕਾਂ ਵਿੱਚ ਗੁਰਸ਼ਰਨ ਸਿੰਘ ਇੱਕ ਸਮੁੱਚ ਦੀ ਆਵਾਜ਼ ਬਣਕੇ ਉਭਰਿਆ। ਗੁਰਸ਼ਰਨ ਸਿੰਘ ਇਹ ਗੱਲ ਜਾਣਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਬਹੁ-ਗਿਣਤੀ ਮਿਹਨਤੀ ਹੈ। ਉਨਾਂ

ਦੀਆਂ ਆਪਣੀਆਂ ਕੁਝ ਜਾਇਜ਼ ਮੰਗਾਂ ਹਨ। ਪਰ ਉਹ ਮੌਜੂਦਾ ਰਾਜਭਾਗ ਤੋਂ ਅਸੰਤੁਸ਼ਟ ਹਨ। ਰਾਜਨੀਤਿਕ ਲੀਡਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਸਿਆਸੀ ਖੇਡ-ਖੇਡ ਰਹੇ ਹਨ। ਉਹ ਲੋਕ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਪਹਿਲ ਦੇ ਰਹੇ ਹਨ। ਹਾਕਮ ਜਮਾਤ ਪਾਰਟੀਆਂ ਆਪਣੀ ਫ਼ਿਰਕੂ ਸੋਚ ਰਾਹੀਂ ਲੋਕਾਂ ਦੇ ਜਜਬਾਤਾਂ ਨੂੰ ਭੜਕਾ ਕੇ ਰਾਜਗੱਦੀ ਤੇ ਕਾਬਜ਼ ਹੋਣਾ ਚਾਹੁੰਦੀਆਂ ਹਨ। ਪਰ ਗੁਰਸ਼ਰਨ ਸਿੰਘ ਆਪਣੇ ਨਾਟਕਾਂ ਰਾਹੀਂ ਇਥੇ ਤੀਜੀ ਧਿਰ ਵਜੋਂ ਪੇਸ਼ ਹੁੰਦਾ ਹੈ ਤੇ ਲੋਕ ਹਿੱਤਾਂ ਵਿੱਚ ਡਟ ਕੇ ਖੜ੍ਹਦਾ ਹੈ। ਉਹ ਰਾਜਨੀਤੀ ਦੇ ਹਰ ਗਲਤ ਕੰਮ ਤੇ ਉਂਗਲ ਰੱਖਦਾ ਹੈ। ਇਸ ਤਰ੍ਹਾਂ ਉਸਦੀ ਸੋਚ ਅਫ਼ਿਰਕੂ ਹੈ।

ਗੁਰਸ਼ਰਨ ਸਿੰਘ ਨੇ ਪੰਜਾਬ ਸੰਕਟ ਨਾਲ ਸੰਬੰਧਿਤ 'ਇੱਕ ਕੁਰਸੀ ਇੱਕ ਮੋਰਚਾ ਤੇ ਹਵਾ 'ਚ ਲਟਕਦੇ ਲੋਕ', 'ਸਾਧਾਰਨ ਲੋਕ', 'ਹਰ ਇੱਕ ਨੂੰ ਜੀਣ ਦਾ ਹੱਕ ਚਾਹੀਦਾ', 'ਬਾਬਾ ਬੋਲਦਾ ਹੈ', 'ਕਰਫਿਊ', 'ਮੈਂ ਉਗਰਵਾਦੀ ਨਹੀਂ", 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਕੋਲਾਜ ਤੇਰਾ ਨਾਂ ਪੰਜਾਬ`, 'ਹਿੱਟ ਲਿਸਟ', 'ਰਾਜ ਸਾਹਬਾਂ ਦਾ', 'ਦਾਸਤਾਨ-ਏ-ਪੰਜਾਬ' ਅਤੇ 'ਭੰਡ ਗਏ ਕੈਨੇਡਾ' ਆਦਿ ਨਾਟਕ ਲਿਖੇ। ਇਹਨਾਂ ਵਿਚੋਂ ਕੁਝ ਨਾਟਕ ਪੰਜਾਬ ਸੰਕਟ ਲਈ ਜ਼ਿੰਮੇਵਾਰ ਕਾਰਨਾਂ ਤੇ ਕੇਂਦਰਿਤ ਹਨ ਤੇ ਕੁਝ ਨਾਟਕ ਪੰਜਾਬ ਸੰਕਟ ਦੇ ਦੌਰਾਨ ਹੋਈਆਂ ਪੁਲਿਸ ਵਧੀਕੀਆਂ ਨਾਲ ਸੰਬੰਧਿਤ ਹਨ।

ਨਾਟਕ 'ਇੱਕ ਕੁਰਸੀ ਇੱਕ ਮੋਰਚਾ' ਵਿੱਚ ਉਸਨੇ ਤਿੰਨ ਧਿਰਾਂ ਬਣਾਈਆਂ ਹਨ। ਜਿਸ ਵਿੱਚ ਕੁਰਸੀ ਵਾਲੀ ਧਿਰ ਦਰਬਾਰਾ ਸਿੰਘ ਮੁੱਖ ਮੰਤਰੀ (ਸਰਕਾਰ) ਦੀ ਹੈ ਤੇ ਮੋਰਚੇ ਵਾਲੀ ਧਿਰ ਸੰਤ ਜਰਨੈਲ ਸਿੰਘ (ਧਾਰਮਿਕ ਆਗੂ) ਦੀ ਹੈ। ਤੀਸਰੀ ਧਿਰ ਆਮ ਲੋਕਾਂ ਦੀ ਧਿਰ ਹੈ ਜੋ ਹਵਾ ਵਿੱਚ ਲਟਕਦੇ ਹੋਏ ਵਿਖਾਏ ਗਏ ਹਨ। ਨਾਟਕ ਵਿੱਚ ਪੇਸ਼ ਕੀਤਾ ਗਿਆ ਹੈ ਦੋਵੇਂ ਧਿਰਾਂ ਆਮ ਆਦਮੀ ਦੇ ਵਿਰੁੱਧ ਭੁਗਤ ਰਹੀਆਂ ਹਨ। ਉਸਦੀਆਂ ਸਮੱਸਿਆਵਾਂ ਪ੍ਰਤੀ ਸਰਕਾਰ ਸੰਜੀਦਾ ਨਹੀਂ ਹੈ। ਨਾਟਕ ਵਿੱਚ ਇੱਕ ਕਿਸਾਨ, ਮਜ਼ਦੂਰ, ਨੌਜੁਆਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਪਰ ਰਾਜਨੀਤਿਕ ਵਿਅਕਤੀਆਂ ਦੀ ਫ਼ਿਰਕੂ ਸੋਚ ਇਨ੍ਹਾਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੰਦੀ, ਉਹ ਸਿਰਫ਼ ਤੇ ਸਿਰਫ਼ ਆਪਣੀ ਕੁਰਸੀ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਨਾਟਕ ਵਿੱਚ ਸਰਕਾਰ ਤੇ ਧਾਰਮਿਕ ਆਗੂ ਦੀ ਆਪਸੀ ਸਾਂਝ ਦੀ ਦਿਖਾਈ ਗਈ ਹੈ। ਇਹ ਦੋਵੇਂ ਧਿਰਾਂ ਆਪਸ ਵਿੱਚ ਮਿਲ ਕੇ ਕਿਸ ਤਰ੍ਹਾਂ ਆਮ ਆਦਮੀ ਦਾ ਸ਼ੋਸ਼ਣ ਕਰ ਰਹੀਆਂ ਹਨ।

"ਖੱਦਰਧਾਰੀ : ਰੋਏ ਗਿਆਨੀ।

ਗਿਆਨੀ : ਕੀ ਏ ਖੱਦਰਧਾਰੀ?

ਖੱਦਰਧਾਰੀ : ਤੇਰੀ ਸਾਰੀ ਖੇਡ ਚੰਗੀ ਚਲ ਰਹੀ ਏ...ਜਿੰਨਾ ਚਿਰ ਤੇਰਾ ਮੋਰਚਾ ਲੱਗਿਆ ਰਹਿੰਦਾ ਏ, ਕੰਮ ਵਾਹਵਾ ਸੂਤ ਰਹਿੰਦਾ ਏ।

ਗਿਆਨੀ : ਉਹ ਕਿਵੇਂ?

ਖੱਦਰਧਾਰੀ: ਲੋਕ ਸਾਡੇ 'ਤੇ ਸਵਾਲ ਕਰਦੇ ਨੇ...ਅਸੀਂ ਜਵਾਬ ਦੇਂਦੇ ਹਾਂ... ਜਦੋਂ ਜਵਾਬ ਦੇਂਦੇ ਹਾਂ, ਉਹ ਤੇਰੇ ਵੱਲ ਜਾਂਦੇ ਨੇ... ਤੇਰੇ ਕੋਲੋਂ ਜਵਾਬ ਮਿਲ ਜਾਂਦਾ ਏ ਤਾਂ ਉਹ ਹਵਾ ਵਿੱਚ ਲਟਕ ਜਾਂਦੇ ਨੇ....।"[8]

ਨਾਟਕ 'ਸਾਧਾਰਨ ਲੋਕ' ਵਿੱਚ ਹਿੰਦੂ ਤੇ ਸਿੱਖ ਦੇ ਸੰਵਾਦ ਰਾਹੀਂ ਹਾਕਮ ਜਮਾਤ ਪਾਰਟੀਆਂ ਦੀ ਫ਼ਿਰਕੂ ਸੋਚ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਰਾਜਨੀਤਿਕ ਪਾਰਟੀਆਂ ਨੇ ਆਪਣੇ ਹਿੱਤਾਂ ਖਾਤਰ ਦੋਵਾਂ ਫਿਰਕਿਆਂ ਵਿੱਚ ਫੁੱਟ ਪਾ ਦਿੱਤੀ, ਜਿਸ ਨਾਲ ਇਹ ਦੋਵੇਂ ਫ਼ਿਰਕੇ ਇੱਕ ਦੂਸਰੇ ਦੇ ਵਿਰੋਧੀ ਬਣ ਗਏ। ਨਾਟਕ ਵਿੱਚ ਹਿੰਦੂ ਤੇ ਸਿੱਖ ਦੇ ਸੰਵਾਦ ਰਾਹੀਂ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਉਪਰ ਵੀ ਵਿਅੰਗ ਕੀਤਾ ਗਿਆ। ਨਾਟਕ ਦੇ ਅੰਤ ਤੇ ਸਾਧਾਰਨ ਲੋਕਾਂ ਦੀ ਰਾਜਨੀਤਿਕ ਪਾਰਟੀਆਂ ਤੇ ਜਿੱਤ ਵਿਖਾਈ ਗਈ ਹੈ। ਇਸ ਤਰ੍ਹਾਂ ਇਹ ਪੂਰਾ ਨਾਟਕ ਲੋਕਾਂ ਦੇ ਪੱਖ ਵਿੱਚ ਜਾਂਦਾ ਹੈ।

ਨਾਟਕ 'ਕੋਲਾਜ ਤੇਰਾ ਨਾਂ ਪੰਜਾਬ' ਵਿੱਚ ਨਾਟਕਕਾਰ ਨੇ ਪੰਜਾਬ ਸੰਕਟ ਦਾ ਜ਼ਿਕਰ ਕੀਤਾ ਹੈ। ਨਾਟਕ ਵਿੱਚ ਉਸ ਸੰਤਾਪ ਦਾ ਜ਼ਿਕਰ ਕੀਤਾ ਗਿਆ ਹੈ ਜੋ ਪੰਜਾਬ ਦੇ ਸਾਰੇ ਲੋਕਾਂ ਨੇ ਭੋਗਿਆ। ਨਾਟਕ ਵਿੱਚ ਪੰਜਾਬ ਸੰਕਟ ਨਾਲ ਸੰਬੰਧਿਤ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਨਾਟਕ ਵਿੱਚ ਹਿੰਦੂ ਤੇ ਸਿੱਖਾਂ ਦੀ ਮਾਨਸਿਕ ਦਸ਼ਾ ਬਿਆਨ ਕੀਤੀ ਗਈ ਹੈ। ਨਾਟਕ ਵਿੱਚ ਪੰਜਾਬ ਸੰਕਟ ਨਾਲ ਸੰਬੰਧਿਤਕਾਰਨ ਤੇ ਉਸ ਪਿੱਛੇ ਕਿਹੜੀ ਸਾਜਸ਼ ਕੰਮ ਕਰ ਰਹੀ ਹੈ, ਉਸਦਾ ਬਿਆਨ ਵੀ ਮਿਲਦਾ ਹੈ। ਨਾਟਕ ਦਾ ਮੁੱਖ ਥੀਮ ਸੰਤ ਜਰਨੈਲ ਸਿੰਘ ਦੀ ਪੰਜਾਬ ਦੀ ਰਾਜਨੀਤੀ ਵਿੱਚ ਦਖਲਅੰਦਾਜ਼ੀ ਨਾਲ ਸੰਬੰਧਿਤ ਹੈ। ਉਸਦੇ ਪਾਲਣ ਪੋਸ਼ਣ ਪਿੱਛੇ ਅਸਲ ਮਕਸਦ ਕੀ ਹੈ? ਨਾਟਕ ਇੰਦਰਾਗਾਂਧੀ ਕਤਲ ਕਾਂਡ ਤੇ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਵੀ ਆਪਣੇ ਘੇਰੇ ਵਿੱਚ ਲੈਂਦਾ ਹੈ। ਨਾਟਕ ਆਪਣੇ ਅੰਤ ਵਿੱਚ ਅਮਨ ਭਾਈਚਾਰੇ ਤੇ ਏਕਤਾ ਦਾ ਪ੍ਰਤੀਕ ਹੁੰਦਾ ਹੋਇਆ ਆਪਣੀ ਸਿਖਰ ਨੂੰ ਛੂੰਹਦਾ ਹੈ। ਨਾਟਕ ਵਿੱਚ ਪੰਜਾਬ ਦੀ ਸਮਕਾਲੀਨ ਤਰਾਸਦੀ ਨੂੰ ਪੇਸ਼ ਕੀਤਾ

ਗਿਆ ਹੈ।

"ਨਾਟਕਕਾਰ: (ਅੱਗੇ ਆ ਕੇ ਹੱਕ ਜੋੜਦਾ ਹੈ), ਹਾਂ ਸਮਝੌਤਾ ਹੋ ਗਿਆ ਹੈ। ਇਹ ਸਮਝੌਤਾ 1980 ਵਿੱਚ ਵੀ ਹੋ ਸਕਦਾ ਸੀ .... ਪੰਜਾਬ ਦੇ ਲੋਕਾਂ ਨੂੰ ਬੜੀ ਮਹਿੰਗੀ ਕੀਮਤ ਦੇਣੀ ਪਈ ਹੈ.... ਸ਼ਾਇਦ ਹਾਲੇ ਹੋਰ ਕੀਮਤ ਦੇਣੀ ਪਈ.... ਇਹੀ ਮੈਂ ਆਪਣੇ ਨਾਟਕ ਵਿੱਚ ਦਿਖਾਉਣ ਦਾ ਯਤਨ ਕੀਤਾ ਹੈ। ਇਹ ਸਮਝੌਤਾ ਹੋ ਗਿਆ ਹੈ..... ਆਉ ਅਸੀਂ ਵੀ ਆਪਸ ਵਿੱਚ ਸਮਝੌਤਾ ਕਰੀਏ ਕਿ ਇਹੋ ਜਿਹੀ ਗਲਤੀ ਤੇ ਮੂਰਖਤਾ ਵਾਲੀ ਲੜਾਈ ਕਦੇ ਨਹੀਂ ਲੜਾਂਗੇ। ਇਹ ਸਮਝੌਤਾ ਹੀ ਸਾਡੀ ਜ਼ਿੰਦਗੀ ਦੇ ਸੰਘਰਸ਼ ਦਾ ਅਗਾਜ਼ ਹੋਏਗਾ।"[9]

ਨਾਟਕ 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਵਿੱਚ ਚੰਡੀਗੜ੍ਹ ਨੂੰ ਨਾਟਕ ਦੇ ਮੁੱਖ ਥੀਮ ਵਜੋਂ ਪੇਸ਼ ਕੀਤਾ ਗਿਆ ਹੈ। ਨਾਟਕ ਵਿੱਚ ਚੰਡੀਗੜ੍ਹ ਦਾ ਮਾਨਵੀਕਰਨ ਕਰਕੇ ਉਸ ਨੂੰ ਸਮੱਸਿਆ ਦੀ ਜੜ੍ਹ ਦਰਸਾਇਆ ਗਿਆ ਹੈ। ਗੁਰਸ਼ਰਨ ਸਿੰਘ ਦਾ ਇਹ ਨਾਟਕ ਵੀ ਪੰਜਾਬ ਸੰਕਟ ਨਾਲ ਜੁੜਦਾ ਹੈ, ਭਾਵੇਂ ਕਿ ਇਸ ਨਾਟਕ ਵਿੱਚ ਪੰਜਾਬ ਸੰਕਟ ਦੀ ਕੋਈ ਗੱਲ ਨਹੀਂ ਕੀਤੀ ਗਈ, ਪਰ ਚੰਡੀਗੜ੍ਹ ਦਾ ਮਸਲਾ ਵੀ ਪੰਜਾਬ ਸੰਕਟ ਨਾਲ ਸੰਬੰਧ ਰੱਖਦਾ ਹੈ। ਇਸ ਲਈ ਗੁਰਸ਼ਰਨ ਸਿੰਘ ਨੇ ਆਪਣੇ ਨਾਟਕ ਵਿੱਚ ਚੰਡੀਗੜ੍ਹ ਨੂੰ ਪੁਆੜੇ ਦੀ ਜੜ੍ਹ ਕਿਹਾ ਹੈ। ਕੇਂਦਰ ਸਰਕਾਰ ਨੇ ਆਪਣੇ ਹਿੱਤਾਂ ਖਾਤਰ ਚੰਡੀਗੜ੍ਹ ਤੇ ਅਧਿਕਾਰ ਕਰ ਲਿਆ ਤੇ ਇਸ ਚੰਡੀਗੜ੍ਹ ਦੇ ਹੱਲ ਲਈ ਪੰਜਾਬ ਤੇ ਹਰਿਆਣਾ ਲੜ ਰਹੇ ਹਨ। ਕੇਂਦਰ ਦੀ ਇਹ ਦੋ ਰਾਜਾਂ ਵਿਚਕਾਰ ਫੁੱਟ ਪਾਉਣ ਦੀ ਨੀਤੀ ਹੈ। ਜਿਸਨੂੰ ਗੁਰਸ਼ਰਨ ਸਿੰਘ ਆਪਣੇ ਨਾਟਕ ਵਿੱਚ ਬਾਖੂਬੀ ਪੇਸ਼ ਕਰਦਾ ਹੈ। ਇਸ ਨਾਟਕ ਵਿੱਚ ਕੇਵਲ ਸੰਵਾਦੀ ਸ਼ੈਲੀ ਦੀ ਹੀ ਵਰਤੋਂ ਕੀਤੀ ਗਈ ਹੈ।

ਨਾਟਕ 'ਬਾਬਾ ਬੋਲਦਾ ਹੈ' ਵਿੱਚ ਨਾਟਕ ਦਾ ਪਿੜ ਪਰ ਹਿੰਦੋਸਤਾਨ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਨਾਟਕ ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਤੇ ਹੋਰਨਾਂ ਥਾਵਾਂ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਇੱਕ ਫ਼ਿਰਕੇ ਦੇ ਲੋਕਾਂ ਦਾ ਕਤਲੇਆਮ ਕੀਤਾ ਗਿਆ। ਜਿਸ ਪਿੱਛੇ ਇੱਕ ਸੋਚੀ ਸਮਝੀ ਰਾਜਨੀਤਿਕ ਚਾਲ ਕੰਮ ਕਰ ਰਹੀ ਸੀ। ਨਾਟਕ ਵਿੱਚ ਘਟਨਾਵਾਂ ਦੀ ਪੇਸ਼ਕਾਰੀ ਬਾਬਾ ਕਰ ਰਿਹਾ ਹੈ। ਨਾਟਕਕਾਰ ਨੇ ਬਾਬੇ ਦੇ ਪਾਤਰ ਰਾਹੀਂ ਰਾਜਨੀਤਿਕ ਵਿਅਕਤੀਆਂ ਦਾ ਕਿਰਦਾਰ ਤੇ ਫ਼ਿਰਕਾਪ੍ਰਸਤੀ ਅਤੇ ਧਾਰਮਿਕ ਜਾਨੂੰਨੀ ਲੋਕਾਂ ਦਾ ਕਿਰਦਾਰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਸਦੇ ਨਾਲ ਇਸ ਨਾਟਕ ਵਿੱਚ ਬਾਬਾ ਆਮ ਲੋਕਾਂ ਦੀ

ਤਰਾਸਦਿਕ ਹਾਲਤ ਵੀ ਬਿਆਨ ਕਰਦਾ ਹੈ

"ਬਾਬਾ: ਸੰਤਾਲੀ ਵਿੱਚ ਦੰਗੇ ਹੋਏ... ਘਰ ਸੜੇ, ਬੇਦੋਸ਼ੇ ਮਰੇ... ਬੱਚੇ ਯਤੀਮ ਹੋਏ... ਸੁਹਾਗਣਾਂ ਵਿਧਵਾ ਹੋਈਆਂ... ਸੰਤਾਲੀ ਵਿੱਚ ਜਿਨ੍ਹਾਂ ਦਾ ਰਾਜ ਸੀ, ਉਨਾਂ ਦਾ ਚੰਮ ਚਿੱਟਾ ਸੀ, ਚੌਰਾਸੀ ਵਿੱਚ ਜਿਨ੍ਹਾਂ ਦਾ ਰਾਜ ਏ, ਉਹਨਾਂ ਦਾ ਖੱਦਰ ਚਿੱਟਾ ਏ। ਸਮੇਂ ਦੀ ਚੱਕੀ ਪੂਰੀ ਚੱਲੀ ਏ... ਦਲੀਆ ਹੋਇਆ ਲੋਕਾਂ ਦਾ ਹਾਕਮਾਂ ਨੇ ਗੱਦੀ ਮੱਲੀ ਏ।"[10]

ਨਾਟਕ 'ਮੈਂ ਉਗਰਵਾਦੀ ਨਹੀਂ ਹਾਂ' ਵਿੱਚ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਚੱਲੀ ਪੰਜਾਬ ਵਿੱਚ ਖਾੜਕੂਵਾਦ ਲਹਿਰ ਦੌਰਾਨ ਹੋਈਆਂ ਪੁਲਿਸ ਵਧੀਕੀਆਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਨਾਟਕ ਵਿੱਚ ਨੌਜੁਆਨਾਂ ਦੀ ਇਸ ਤਰਾਸਦੀ ਨੂੰ ਬਿਆਨ ਕੀਤਾ ਗਿਆ ਹੈ। ਪੰਜਾਬ ਵਿੱਚ ਇਸ ਸਮੇਂ ਦੌਰਾਨ ਵੱਡੀ ਪੱਧਰ ਤੇ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋਇਆ। ਨਾਟਕਕਾਰ ਨੇ ਨਾਟਕ ਵਿੱਚ ਇੱਕ ਨੌਜੁਆਨ ਦੀ ਕਹਾਣੀ ਨੂੰ ਬਿਆਨ ਕੀਤਾ, ਜਿਸਨੂੰ ਪੁਲਿਸ ਵੱਲੋਂ ਧੱਕੇ ਨਾਲ ਹੀ ਉਗਰਵਾਦੀ ਬਣਾ ਦਿੱਤਾ ਜਾਂਦਾ ਹੈ। ਨਾਟਕ ਵਿੱਚ ਪੁਲਿਸ ਦੇ ਕਿਰਦਾਰ ਨੂੰ ਪੇਸ਼ ਕੀਤਾ ਗਿਆ ਹੈ ਕਿ ਪੁਲਿਸ ਕਿਸੇ ਵੀ ਬੇਕਸੂਰ ਨੌਜੁਆਨ ਉਪਰ ਝੂਠਾ ਕੇਸ ਪਾ ਸਕਦੀ ਹੈ, ਉਸ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਸਕਦੀ ਹੈ। ਨਾਟਕਕਾਰ ਅਨੁਸਾਰ ਪੁਲਿਸ ਦਾ ਇਹ ਫਰਜ਼ ਆਮ ਲੋਕਾਂ ਪ੍ਰਤੀ ਰਹਿ ਗਿਆ ਹੈ। ਇਸਦੇ ਨਾਲ ਨਾਟਕ ਵਿੱਚ ਰਾਜਨੀਤਿਕ ਵਿਅਕਤੀਆਂ ਦੇ ਕਿਰਦਾਰ ਨੂੰ ਵੀ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਦੀ ਫ਼ਿਰਕੂ ਸੋਚ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਇਆ ਤੇ ਹਜ਼ਾਰਾਂ ਬੇਕਸੂਰ ਸੁਖਦੇਵ ਵਰਗੇ ਨੌਜੁਆਨਾਂ ਤੇ ਤਸ਼ੱਦਦ ਹੋਇਆ। ਨਾਟਕ ਆਪਣੇ ਆਪ ਵਿੱਚ ਪੰਜਾਬ ਦੀ ਸਮਕਾਲੀਨ ਹਾਲਤ ਨੂੰ ਬਿਆਨ ਕਰ ਰਿਹਾ ਹੈ।

ਉਸਦੇ ਨਾਟ ਖੇਤਰ ਨੂੰ ਪਰਪੱਕ ਕਰਨ ਵਿੱਚ ਸਮਕਾਲੀਨ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ, ਪ੍ਰਸਥਿਤੀਆਂ ਨੇ ਵਿਸ਼ੇਸ਼ ਤੌਰ ਤੇ ਭੂਮਿਕਾ ਨਿਭਾਈ। ਇਹਨਾਂ ਵਿਸ਼ੇਸ਼ ਪ੍ਰਸਥਿਤੀਆਂ ਅਧੀਨ ਹੀ ਗੁਰਸ਼ਰਨ ਸਿੰਘ ਆਪਣਾ ਰੁਖ ਨਾਟਕ ਵੱਲ ਕਰਦਾ ਹੈ। ਉਸਨੇ ਪੰਜਾਬੀ ਨਾਟਕ ਨੂੰ ਵਿਸ਼ਾਲਤਾ ਬਖਸ਼ੀ ਤੇ ਮਹੱਤਵਪੂਰਨ ਤਬਦੀਲੀ ਲਿਆਂਦੀ। ਸਮਾਂ ਬੀਤਣ ਦੇ ਬਾਵਜੂਦ ਵੀ ਉਸਦੇ ਨਾਟਕ ਦੀਆਂ ਧਾਰਨਾਵਾਂ ਅੱਜ ਨਿਵੇਕਲੀਆਂ ਪ੍ਰਤੀਤ ਹੁੰਦੀਆਂ ਹਨ। ਉਸਨੇ ਆਪਣੇ ਨਾਟਕਾਂ ਵਿੱਚ ਚੇਤਨਾ ਨੂੰ ਪਹਿਲ ਦਿੱਤੀ। ਇਸ ਸਮੇਂ ਦੌਰਾਨ ਉਸਨੇ ਬੰਦੂਕਾਂ ਦੇ ਸਾਏ ਹੇਠ ਨਾਟਕ ਕੀਤੇ। ਜਦੋਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਹੋ ਰਿਹਾ ਸੀ ਤਾਂ ਗੁਰਸ਼ਰਨ ਸਿੰਘ ਮਨੁੱਖੀ ਅਧਿਕਾਰਾਂ ਦਾ

ਝੰਡਾਬਰਦਾਰ ਬਣਕੇ ਲੋਕਾਂ ਦੇ ਹੱਕ ਵਿੱਚ ਖੜਦਾ ਹੈ। ਉਸਦੀ ਆਵਾਜ਼ ਇਕੱਲੇ ਦੀ ਆਵਾਜ਼ ਨਾ ਰਹਿ ਕੇ ਪਰੇ ਸਮੁੱਚ ਦੀ ਆਵਾਜ਼ ਬਣ ਜਾਂਦੀ ਹੈ। ਗੁਰਸ਼ਰਨ ਸਿੰਘ ਨੇ ਗੁਰੂ ਨਾਨਕ ਦੇ ਕਥਨ "ਸਚ ਸੁਣਾਇਸੀ ਸਚ ਕੀ ਬੇਲਾ" ਅਨੁਸਾਰ ਸ਼ਹਿਰ-ਸ਼ਹਿਰ, ਪਿੰਡ-ਪਿੰਡ ਪਹੁੰਚ ਕੇ ਆਪਣੇ ਨਾਟਕਾਂ ਰਾਹੀਂ ਆਪਸੀ ਸਦਭਾਵਨਾ ਅਤੇ ਅਮਨ ਭਾਈਚਾਰੇ ਦਾ ਸੰਦੇਸ਼ ਦਿੱਤਾ। ਇਸ ਤਰ੍ਹਾਂ ਗੁਰਸ਼ਰਨ ਸਿੰਘ ਇੱਕ ਵਿਅਕਤੀ ਨਾ ਰਹਿ ਕੇ ਇੱਕ ਬਹੁਮੁੱਖੀ ਸੰਸਥਾ ਦਾ ਰੂਪ ਧਾਰਨ ਕਰ ਗਿਆ।

**ਹਵਾਲੇ**


1. ਖੋਜ ਪਤ੍ਰਿਕਾ (ਨਾਟਕ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1985, ਪੰਨਾ-141
2. ਕੇਵਲ ਧਾਲੀਵਾਲ (ਸੰਪਾ.), ਗੁਰਸ਼ਰਨ ਸਿੰਘ ਦੇ ਨਾਟਕ ਭਾਗ ਪਹਿਲਾ, ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨਾ-12
3. --------------------------------ਉਹੀ--------------------, ਪੰਨਾ-125
4. --------------------------------ਉਹੀ--------------------, ਪੰਨਾ-207
5. --------------------------------ਉਹੀ--------------------, ਪੰਨਾ-75
6. --------------------------------ਉਹੀ--------------------, ਪੰਨਾ-343-344
7. --------------------------------ਉਹੀ--------------------, ਪੰਨਾ-410-411
8. --------------------------------ਉਹੀ--------------------, ਪੰਨਾ-15
9. --------------------------------ਉਹੀ--------------------, ਪੰਨਾ-74
10. --------------------------------ਉਹੀ--------------------, ਪੰਨਾ-52